# ਸਰੂਪ ਰਾਣੀ ਸਰਕਾਰੀ ਕਾਲਜ (ਇ.) ਅੰਮ੍ਰਿਤਸਰ

ਨੋਟਿਸ ਨੰਬਰ: 459 ਮਿਤੀ: 06-07-2026

## ਮਹੱਤਵਪੂਰਨ ਨੋਟਿਸ

**ਵਿਸ਼ਾ:** ਮਾਨਯੋਗ ਹਾਈ ਕੋਰਟ ਦੇ ਹੁਕਮਾਂ ਅਤੇ ਉੱਚੇਰੀ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਰਮਚਾਰੀਆਂ ਦੀਆਂ ਸ਼ਿਕਾਇਤਾਂ/ਮੁਸ਼ਕਿਲਾਂ (Grievances) ਦੇ ਨਿਪਟਾਰੇ ਸਬੰਧੀ।

ਕਾਲਜ ਦੇ ਸਮੂਹ ਟੀਚਿੰਗ (Teaching) ਅਤੇ ਨਾਨ-ਟੀਚਿੰਗ (Non-Teaching) ਸਟਾਫ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਨਯੋਗ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਨੂੰ ਕਰਮਚਾਰੀਆਂ ਦੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕਰਨ ਸਬੰਧੀ ਜਾਰੀ ਕੀਤੇ ਹੁਕਮਾਂ ਅਤੇ ਉੱਚੇਰੀ ਸਿੱਖਿਆ ਵਿਭਾਗ, ਪੰਜਾਬ ਤੋਂ ਪ੍ਰਾਪਤ ਪੱਤਰ ਦੀ ਪਾਲਣਾ ਕਰਦੇ ਹੋਏ, ਕਾਲਜ ਵਿੱਚ ਇੱਕ ਵਿਸ਼ੇਸ਼ **ਸ਼ਿਕਾਇਤ ਨਿਵਾਰਨ ਕਮੇਟੀ (Grievance Redressal Committee)** ਦਾ ਗਠਨ ਕੀਤਾ ਗਿਆ ਹੈ।

ਇਸ ਤਹਿਤ, ਜੇਕਰ ਕਾਲਜ ਵਿੱਚ ਕੰਮ ਕਰ ਰਹੇ ਜਾ ਸੇਵਾਮੁਕਤ ਹੋ ਚੁਕੇ ਕਿਸੇ ਵੀ ਕਰਮਚਾਰੀ ਦੀ ਤਰੱਕੀ, ਸੀਨੀਆਰਤਾ, ACP, ਪੈਨਸ਼ਨ ਅਤੇ ਫੈਮਿਲੀ ਪੈਨਸ਼ਨ ਨਾਲ ਸਬੰਧਤ ਕੋਈ ਵੀ ਜਾਇਜ਼ ਸ਼ਿਕਾਇਤ, ਮੁਸ਼ਕਿਲ ਜਾਂ ਪ੍ਰਤੀਬੇਨਤੀ (Representation) ਹੈ, ਤਾਂ ਉਹ ਆਪਣੀ ਸ਼ਿਕਾਇਤ ਲਿਖਤੀ ਰੂਪ ਵਿੱਚ ਕਾਲਜ ਵਿਖੇ ਕਮੇਟੀ ਕੋਲ ਜਮ੍ਹਾਂ ਕਰਵਾ ਸਕਦਾ/ਸਕਦੀ ਹੈ।

**ਸ਼ਿਕਾਇਤ ਜਮ੍ਹਾਂ ਕਰਵਾਉਣ ਸਬੰਧੀ ਜ਼ਰੂਰੀ ਵੇਰਵੇ:**

- **ਸ਼ਿਕਾਇਤ ਦਾ ਫਾਰਮੈਟ:** ਸ਼ਿਕਾਇਤ ਲਿਖਤੀ ਰੂਪ ਵਿੱਚ, ਸਪੱਸ਼ਟ ਅਤੇ ਲੋੜੀਂਦੇ ਦਸਤਾਵੇਜ਼ਾਂ (ਜੇਕਰ ਕੋਈ ਹੋਣ) ਸਮੇਤ ਹੋਣੀ ਚਾਹੀਦੀ ਹੈ।
- **ਆਖਰੀ ਮਿਤੀ:** ਆਪਣੀ ਪ੍ਰਤੀਬੇਨਤੀ 7 ਜੁਲਾਈ,2026 ਸ਼ਾਮ 04:00 ਵਜੇ ਤੱਕ ਜਮ੍ਹਾਂ ਕਰਵਾਈ ਜਾ ਸਕਦੀ ਹੈ।
- **ਕਿੱਥੇ ਜਮ੍ਹਾਂ ਕਰਵਾਉਣੀ ਹੈ:** ਜਿਨ੍ਹਾਂ ਕਰਮਚਾਰੀਆਂ ਦੀ ਉਪਰੋਕਤ ਮਾਮਲਿਆਂ ਸਬੰਧਤ ਕੋਈ ਵੀ ਪ੍ਰਤੀਬੇਨਤੀ (Representation) ਹੈ, ਉਹ ਆਪਣੀ ਲਿਖਤੀ ਬੇਨਤੀ ਲੋੜੀਂਦੇ ਦਸਤਾਵੇਜ਼ਾਂ ਸਮੇਤ **ਅਮਲਾ ਦਫ਼ਤਰ-I (Establishment-I) ਵਿਖੇ ਜੂਨੀਅਰ ਸਹਾਇਕ, ਸ੍ਰੀਮਤੀ ਪੂਨਮ ਚੌਹਾਨ ਕੋਲ** ਜਮ੍ਹਾਂ ਕਰਵਾ ਸਕਦੇ ਹਨ।

ਮਾਨਯੋਗ ਹਾਈ ਕੋਰਟ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਾਪਤ ਹੋਈਆਂ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਨਿਰਧਾਰਤ ਸਮੇਂ ਦੇ ਅੰਦਰ ਪੂਰੀ ਪਾਰਦਰਸ਼ਤਾ ਨਾਲ ਕੀਤਾ ਜਾਵੇਗਾ।

ਸਮੂਹ ਸਟਾਫ ਮੈਂਬਰ ਇਸ ਨੋਟਿਸ ਨੂੰ ਨੋਟ ਕਰਨ।

**ਪ੍ਰਿੰਸੀਪਲ / ਕਮੇਟੀ ਮੁੱਖੀ**
**ਸਰੂਪ ਰਾਣੀ ਸਰਕਾਰੀ ਕਾਲਜ (ਇ.)**
**ਅੰਮ੍ਰਿਤਸਰ** 06/07/26.